# ਮੁਫ਼ਤ ਵੇਸਟ ਡ੍ਰੌਪ-ਆਫ ਈਵੈਂਟ ਜ਼ਰੀਏ ਸਰੀ ਵਿਚੋਂ 3,300 ਟਨ ਕੂੜਾ ਇਕੱਠਾ ਕੀਤਾ ਗਿਆ

*ਤੁਰੰਤ ਰਿਲੀਜ਼: ਅਕਤੂਬਰ 22, 2024*

**ਸਰੀ, ਬੀ.ਸੀ**. - ਸਰੀ ਵਲੋਂ ਮੁਫ਼ਤ ਵੇਸਟ ਡ੍ਰੌਪ-ਆਫ ਮੁਹਿੰਮ ਵਿੱਚ 1 ਮਈ ਤੋਂ 25 ਸਤੰਬਰ ਤੱਕ ਵਾਧਾ ਕੀਤਾ ਗਿਆ ਸੀ , ਜਿਸ ਦਰਮਿਆਨ ਸਰੀ ਵਾਸੀਆਂ ਨੇ ਰਿਕਾਰਡ-ਤੋੜ ਹਿੱਸਾ ਲੈ, 21,000 ਤੋਂ ਵੱਧ ਗਾਰਬੇਜ਼ ਦੇ ਲੋਡ, ਸੈਂਟਰਲ ਸਰੀ ਅਤੇ ਨੌਰਥ ਸਰੀ ਰੀਸਾਈਕਲਿੰਗ ਵੇਸਟ ਸੈਂਟਰਾਂ 'ਤੇ ਜਾ ਕੇ ਸੁਟੇ। ਸਿਟੀ ਵਲੋਂ ਪੰਜ-ਮਹੀਨੇ ਮੁਫ਼ਤ ਕੂੜਾ ਚੁੱਕਣ ਦੇ ਚਲਾਏ ਪ੍ਰੋਗਰਾਮ ਰਾਹੀਂ 3,300 ਟਨ ਤੋਂ ਵੱਧ ਕੂੜਾ ਅਤੇ ਰੀਸਾਈਕਲੇਬਲ ਸਮਾਨ ਇਕੱਠਾ ਕੀਤਾ ਗਿਆ , ਜੋ ਕਿ ਪਿਛਲੇ ਸਾਲਾਂ ਦੇ ਵੀਕਐਂਡ ਪੌਪ- ਅੱਪ ਜੰਕ ਈਵੈਂਟਸ ਰਾਹੀਂ ਇਕੱਠਾ ਕੀਤੇ ਜਾਂਦੇ ਸਮਾਨ ਨਾਲੋਂ ਕਾਫ਼ੀ ਜਿਆਦਾ ਹੈ।

*ਮੇਅਰ ਬ੍ਰੈਂਡਾ ਲੌਕ ਨੇ ਕਿਹਾ, "ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ, ਸਰੀ ਨੇ ਇਸ ਸਾਲ ਦੇ ਮੁਫ਼ਤ ਕੂੜਾ-ਕੜਕਟ ਡ੍ਰੌਪ-ਆਫ ਈਵੈਂਟ ਵਿੱਚ, ਹੁਣ ਤੱਕ ਦੇ ਸਭ ਤੋਂ ਉੱਚੇ ਨਤੀਜੇ ਪ੍ਰਾਪਤ ਕੀਤੇ ਹਨ। 2021 ਤੋਂ ਗੈਰ-ਕਾਨੂੰਨੀ ਡੰਪਿੰਗ ਵਿੱਚ 13% ਦੀ ਕਮੀ ਆਈ ਹੈ। ਨਤੀਜੇ ਸਪੱਸ਼ਟ ਹਨ, ਸਾਡੇ ਵਸਨੀਕਾਂ ਨੂੰ ਅਣਚਾਹੀਆਂ ਵਸਤੂਆਂ ਤੋਂ ਛੁਟਕਾਰਾ ਪਾਉਣ ਦੇ ਆਸਾਨ ਤਰੀਕੇ ਪ੍ਰਦਾਨ ਕਰਕੇ, ਅਸੀਂ ਸਰੀ ਨੂੰ ਸਾਫ਼ -ਸੁਥਰਾ ਅਤੇ ਵਾਤਾਵਰਨ ਪੱਖੀ ਬਣਾ ਰਹੇ ਹਾਂ।"*

**ਮੁੱਖ ਸੁਧਾਰ ਤੇ ਨਤੀਜੇ**:

- 21,000 ਲੋਡ ਭਾਵ ਕਿ 195% ਤੱਕ ਦਾ ਵਾਧਾ (2019 ਪੌਪ ਅੱਪ ਜੰਕ ਈਵੈਂਟਸ ਤੋਂ 7,150 ਲੋਡ ਤੋਂ ਵੱਧ)
- 3,304 ਟਨ ਕੂੜਾ-ਕੜਕਟ ਅਤੇ ਰੀਸਾਈਕਲਿੰਗ ਇਕੱਠਾ ਕੀਤਾ (2019 ਦੇ ਪੌਪ-ਅੱਪ ਜੰਕ ਈਵੈਂਟਸ ਤੋਂ 1,200 ਟਨ ਤੋਂ ਵੱਧ) ਦੇ ਨਾਲ 175% ਟਨ ਦਾ ਵਾਧਾ
- 2021 ਤੋਂ ਗੈਰ-ਕਾਨੂੰਨੀ ਡੰਪਿੰਗ ਵਿੱਚ 13% ਦੀ ਕਮੀ

ਇਹ ਉਪਰਾਲਾ ਕਮਿਊਨਿਟੀ ਦੇ ਕਹਿਣ ਤੇ ਸ਼ੁਰੂ ਕੀਤਾ ਗਿਆ ਸੀ, ਜੋ ਅਣਚਾਹੀਆਂ ਵਸਤੂਆਂ ਦੇ ਨਿਪਟਾਰੇ ਲਈ ਵਧੇਰੇ ਪਹੁੰਚਯੋਗ ਅਤੇ ਸੌਖੇ ਤਰੀਕੇ ਚਾਹੁੰਦੇ ਸਨ। ਲੋਕਾਂ ਵਲੋਂ ਕੂੜਾ ਸੁੱਟਣ ਲਈ 100 ਕਿਲੋਗ੍ਰਾਮ ਸਮਾਂ ਸੀਮਾਂ ਨੂੰ ਕਾਫ਼ੀ ਪਸੰਦ ਕੀਤਾ ਗਿਆ ਹੈ।

ਨਿਰਸੰਦੇਹ, ਇਸ ਨਾਲ ਗੈਰ-ਕਾਨੂੰਨੀ ਡੰਪਿੰਗ ਵਿੱਚ ਗਿਰਾਵਟ ਆਈ ਹੈ, ਤੇ ਸ਼ਹਿਰ ਨੂੰ ਸਾਫ਼- ਸੁਰੱਖਿਅਤ ਬਣਾਉਣ 'ਚ ਯੋਗਦਾਨ ਪਿਆ ਹੈ।

ਸਰੀ ਵਾਸੀ ਵੱਡੀਆਂ ਆਈਟਮਸ ਪਿਕਅੱਪ ਪ੍ਰੋਗਰਾਮ ਦਾ ਲਗਾਤਾਰ ਲਾਹਾ ਲੈ ਸਕਦੇ ਹਨ, ਜੋ ਪ੍ਰਤੀ ਸਾਲ ਛੇ ਵਸਤੂਆਂ ਮੁਫ਼ਤ (ਰਜਿਸਟਰਡ ਸੈਕੰਡਰੀ ਸੂਟ ਵਾਲੇ ਘਰਾਂ ਲਈ ਅੱਠ ) ਚੁੱਕਣ ਦੀ ਇਜਾਜ਼ਤ ਦਿੰਦਾ ਹੈ। ਪਿਕਅੱਪ ਬੇਨਤੀ surrey.ca/largeitems 'ਤੇ ਔਨਲਾਈਨ ਜਾਂ 604-590-7289 'ਤੇ ਕਾਲ ਕਰਕੇ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਮੈਟਰੋ ਵੈਨਕੂਵਰ ਦੇ ਸੈਂਟਰਲ ਸਰੀ ਅਤੇ ਨੌਰਥ ਸਰੀ ਰੀਸਾਈਕਲਿੰਗ ਅਤੇ ਵੇਸਟ ਸੈਂਟਰਾਂ 'ਤੇ ਰੀਸਾਈਕਲ ਕਰਨ ਯੋਗ ਚੀਜ਼ਾਂ ਨੂੰ ਸਾਲ ਭਰ ਛੱਡਿਆ ਜਾ ਸਕਦਾ ਹੈ।

ਇਹ ਕਦਮ ਸ਼ਹਿਰ ਨੂੰ ਸਾਫ਼ ਰੱਖਣ ਤੇ ਜ਼ਿੰਮੇਵਾਰੀ ਨਾਲ ਗਾਰਬੇਜ਼ ਚੁੱਕਣ ਦੇ ਪ੍ਰਬੰਧ ਕਰਨ ਲਈ, ਸਿਟੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਹੋਰ ਜਾਣਕਾਰੀ ਲਈ, surrey.ca/rethinkwaste 'ਤੇ ਜਾਓ।

-30-

**ਮੀਡੀਆ ਇਨਕੁਆਰੀ:**

ਪ੍ਰਭਜੋਤ ਕਾਹਲੋਂ

ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ

ਸਿਟੀ ਆਫ ਸਰੀ

Prabhjot.kahlon@surrey.ca

C :236-878-6263